ਮਿੱਠੇ ਬੱਚੇ:- ਤੁਸੀਂ ਬਾਪ ਦਵਾਰਾ ਸਨਮੁੱਖ ਪੜ੍ਹ ਰਹੇ ਹੋ , ਤੁਹਾਨੂੰ ਸਤਿਯੁਗੀ ਬਾਦਸ਼ਾਹੀ ਦੇ ਲਾਇਕ ਬਣਨ ਦੇ ਲਈ ਪਾਵਨ ਜਰੂਰ ਬਣਨਾ ਹੈ "

ਪ੍ਰਸ਼ਨ:- ਬਾਪ ਦੇ ਕਿਸ ਆਕੂਪੇਸ਼ਨ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ?

ਉੱਤਰ:- ਤੁਸੀਂ ਜਾਣਦੇ ਹੋ ਕਿ ਸਾਡਾ ਬਾਪ, ਬਾਪ ਵੀ ਹੈ, ਟੀਚਰ ਅਤੇ ਸਤਿਗੁਰੂ ਵੀ ਹੈ। ਬਾਪ ਕਲਪ ਦੇ ਸੰਗਮਯੁਗ ਤੇ ਆਉਂਦੇ ਹਨ, ਪੁਰਾਣੀ ਦੁਨੀਆਂ ਨੂੰ ਨਵਾਂ ਬਣਾਉਣ, ਇੱਕ ਆਦਿ ਸਨਾਤਨ ਧਰਮ ਦੀ ਸਥਾਪਨ ਕਰਨ। ਬਾਪ ਹੁਣ ਅਸੀਂ ਬੱਚਿਆਂ ਨੂੰ ਮਨੁੱਖ ਤੋਂ ਦੇਵਤਾ ਬਣਾਉਣ ਦੇ ਲਈ ਪੜ੍ਹਾ ਰਹੇ ਹਾਂ। ਇਹ ਆਕੂਪੇਸ਼ਨ ਅਸੀਂ ਬੱਚਿਆਂ ਦੇ ਸਿਵਾਏ ਹੋਰ ਕੋਈ ਨਹੀਂ ਜਾਣਦਾ।

ਗੀਤ:- ਭੋਲੇਨਾਥ ਸੇ ਨਿਰਾਲਾ...

ਓਮ ਸ਼ਾਂਤੀ। ਓਮ ਸ਼ਾਂਤੀ ਦਾ ਅਰਥ ਤਾਂ ਬੱਚਿਆਂ ਨੂੰ ਬਾਰ - ਬਾਰ ਸਮਝਾਇਆ ਹੈ। ਓਮ ਮਾਨਾ ਮੈਂ ਆਤਮਾ ਹਾਂ ਅਤੇ ਮੇਰਾ ਇਹ ਸ਼ਰੀਰ ਹੈ। ਸ਼ਰੀਰ ਵੀ ਕਹਿ ਸਕਦਾ ਹੈ ਕਿ ਮੇਰੀ ਇਹ ਆਤਮਾ ਹੈ। ਜਿਵੇਂ ਸ਼ਿਵਬਾਬਾ ਕਹਿੰਦੇ ਹਨ ਤੁਸੀਂ ਮੇਰੇ ਹੋ। ਬੱਚੇ ਕਹਿੰਦੇ ਹਨ ਬਾਬਾ ਤੁਸੀਂ ਸਾਡੇ ਹੋ। ਉਵੇਂ ਆਤਮਾ ਵੀ ਕਹਿੰਦੀ ਹੈ ਮੇਰਾ ਸ਼ਰੀਰ। ਸ਼ਰੀਰ ਕਹੇਗਾ - ਮੇਰੀ ਆਤਮਾ। ਹੁਣ ਆਤਮਾ ਜਾਣਦੀ ਹੈ - ਮੈਂ ਅਵਿਨਾਸ਼ੀ ਹਾਂ। ਆਤਮਾ ਬਗੈਰ ਸ਼ਰੀਰ ਕੁਝ ਕਰ ਨਾ ਸਕੇ। ਸ਼ਰੀਰ ਤਾਂ ਹੈ, ਕਹਿੰਦੇ ਹਨ ਮੇਰੀ ਆਤਮਾ ਨੂੰ ਤਕਲੀਫ ਨਹੀਂ ਦੇਣਾ। ਮੇਰੀ ਆਤਮਾ ਪਾਪ ਆਤਮਾ ਹੈ ਜਾਂ ਮੇਰੀ ਆਤਮਾ ਪੁੰਨ ਆਤਮਾ ਹੈ। ਤੁਸੀਂ ਜਾਣਦੇ ਹੋ ਮੇਰੀ ਆਤਮਾ ਸਤਿਯੁਗ ਵਿੱਚ ਪੁੰਨ ਆਤਮਾ ਸੀ। ਆਤਮਾ ਖ਼ੁਦ ਵੀ ਕਹੇਗੀ - ਮੈਂ ਸਤਿਯੁਗ ਵਿੱਚ ਸਤੋਪ੍ਰਧਾਨ ਅਥਵਾ ਸੱਚਾ ਸੋਨਾ ਸੀ। ਸੋਨਾ ਹੈ ਨਹੀਂ, ਇਹ ਇੱਕ ਮਿਸਾਲ ਦਿੱਤਾ ਜਾਂਦਾ ਹੈ। ਸਾਡੀ ਆਤਮਾ ਪਵਿੱਤਰ ਸੀ, ਗੋਲਡਨ ਏਜ਼ਡ ਸੀ। ਹੁਣ ਤਾਂ ਕਹਿੰਦੇ ਹਨ ਇਮਪਿਓਰ ਹਾਂ। ਦੁਨੀਆਂ ਵਾਲੇ ਇਹ ਨਹੀਂ ਜਾਣਦੇ। ਤੁਹਾਨੂੰ ਤਾਂ ਸ਼੍ਰੀਮਤ ਮਿਲਦੀ ਹੈ। ਤੁਸੀਂ ਹੁਣ ਜਾਣਦੇ ਹੋ ਸਾਡੀ ਆਤਮਾ ਸਤੋਪ੍ਰਧਾਨ ਸੀ, ਹੁਣ ਤਮੋਪ੍ਰਧਾਨ ਬਣੀ ਹੈ। ਹਰ ਇੱਕ ਚੀਜ਼ ਇਵੇਂ ਹੁੰਦੀ ਹੈ। ਬਾਲ, ਯੁਵਾ, ਵਰਿਧ...ਹਰ ਚੀਜ਼ ਨਵੇਂ ਤੋਂ ਪੁਰਾਣੀ ਜਰੂਰ ਹੁੰਦੀ ਹੈ। ਦੁਨੀਆਂ ਵੀ ਪਹਿਲੇ ਗੋਲਡਨ ਏਜ਼ਡ ਸਤੋਪ੍ਰਧਾਨ ਸੀ ਫਿਰ ਤਮੋਪ੍ਰਧਾਨ ਆਇਰਨ ਏਜ਼ਡ ਹੈ, ਤਾਂ ਹੀ ਦੁਖੀ ਹਾਂ। ਸਤੋਪ੍ਰਧਾਨ ਮਾਨਾ ਸੁਧਰੀ ਹੋਈ, ਤਮੋਪ੍ਰਧਾਨ ਮਾਨਾ ਬਿਗੜੀ ਹੋਈ। ਗੀਤ ਵਿੱਚ ਵੀ ਕਹਿੰਦੇ ਹਨ, ਬਿਗੜੀ ਨੂੰ ਬਣਾਉਣ ਵਾਲੇ... ਪੁਰਾਣੀ ਦੁਨੀਆਂ ਬਿਗੜੀ ਹੋਈ ਹੈ ਕਿਓਂਕਿ ਰਾਵਣ ਰਾਜ ਹੈ ਹੋਰ ਸਾਰੇ ਪਤਿਤ ਹਨ। ਸਤਿਯੁਗ ਵਿੱਚ ਸਭ ਪਾਵਨ ਸੀ, ਉਨ੍ਹਾਂ ਨੂੰ ਨਿਊ ਵਾਈਸਲੈਸ ਵਰਲਡ ਕਿਹਾ ਜਾਂਦਾ ਹੈ। ਇਹ ਹੈ ਓਲਡ ਵਿਸ਼ਸ਼ ਵਰਲਡ। ਹੁਣ ਕਲਯੁਗ ਆਇਰਨ ਏਜ਼ ਹੈ। ਇਹ ਸਭ ਗੱਲਾਂ ਕੋਈ ਸਕੂਲ, ਕਾਲੇਜ ਵਿੱਚ ਨਹੀਂ ਪੜ੍ਹਾਈ ਜਾਂਦੀ ਹੈ। ਭਗਵਾਨ ਆਕੇ ਪੜ੍ਹਾਉਂਦੇ ਹਨ ਅਤੇ ਰਾਜਯੋਗ ਸਿਖਾਉਂਦੇ ਹਨ। ਗੀਤਾ ਵਿੱਚ ਲਿਖਿਆ ਹੋਇਆ ਹੈ ਭਗਵਾਨੁਵਾਚ - ਸ਼੍ਰੀਮਤ ਭਗਵਤ ਗੀਤਾ। ਸ਼੍ਰੀਮਤ ਮਾਨਾ ਸ਼੍ਰੇਸ਼ਠ ਮੱਤ। ਸ਼੍ਰੇਸ਼ਠ ਤੇ ਸ਼੍ਰੇਸ਼ਠ ਉੱਚ ਤੇ ਉੱਚ ਭਗਵਾਨ ਹੈ। ਉਨ੍ਹਾਂ ਦਾ ਨਾਮ ਐਕੂਰੇਟ ਸ਼ਿਵ ਹੈ। ਰੁਦ੍ਰ ਜਯੰਤੀ ਜਾਂ ਰੁਦ੍ਰ ਰਾਤ੍ਰੀ ਕਦੀ ਨਹੀਂ ਸੁਣਿਆ ਹੋਵੇਗਾ। ਸ਼ਿਵਰਾਤ੍ਰੀ ਕਹਿੰਦੇ ਹਨ। ਸ਼ਿਵ ਤਾਂ ਨਿਰਾਕਾਰ ਹੈ। ਹੁਣ ਨਿਰਾਕਾਰ ਦੀ ਰਾਤ੍ਰੀ ਜਾਂ ਜਯੰਤੀ ਕਿਵੇਂ ਮਨਾਈ ਜਾਵੇ। ਕ੍ਰਿਸ਼ਨ ਦੀ ਜਯੰਤੀ ਤਾਂ ਠੀਕ ਹੈ। ਫਲਾਣੇ ਦਾ ਬੱਚਾ ਹੈ, ਉਨ੍ਹਾਂ ਦੀ ਤਿਥੀ ਤਾਰੀਖ ਵਿਖਾਉਂਦੇ ਹਨ। ਸ਼ਿਵ ਦੇ ਲਈ ਤਾਂ ਕੋਈ ਜਾਣਦੇ ਨਹੀਂ ਕਿ ਕਦੋਂ ਪੈਦਾ ਹੋਇਆ। ਇਹ ਤਾਂ ਜਾਨਣਾ ਚਾਹੀਦਾ ਹੈ ਨਾ। ਹੁਣ ਤੁਹਾਨੂੰ ਸਮਝ ਮਿਲੀ ਹੈ ਕਿ ਸ਼੍ਰੀਕ੍ਰਿਸ਼ਨ ਨੇ ਸਤਿਯੁਗ ਆਦਿ ਵਿੱਚ ਕਿਵੇਂ ਜਨਮ ਲੀਤਾ। ਤੁਸੀਂ ਕਹੋਗੇ ਉਨ੍ਹਾਂ ਨੂੰ ਤਾਂ 5 ਹਜ਼ਾਰ ਵਰ੍ਹੇ ਹੋਏ। ਉਹ ਵੀ ਕਹਿੰਦੇ ਹਨ ਕ੍ਰਾਈਸਟ ਤੋਂ 3 ਹਜਾਰ ਵਰ੍ਹੇ ਪਹਿਲੇ ਭਾਰਤ ਪੈਰਾਡਾਈਜ਼ ਸੀ। ਇਸਲਾਮੀਆਂ ਦੇ ਅੱਗੇ ਚੰਦ੍ਰਵੰਸ਼ੀ, ਉਨ੍ਹਾਂ ਦੇ ਅੱਗੇ ਸੂਰਜਵੰਸ਼ੀ ਸੀ। ਸ਼ਾਸਤਰਾਂ ਵਿੱਚ ਸਤਿਯੁਗ ਨੂੰ ਲੱਖਾਂ ਵਰ੍ਹੇ ਦੇ ਦਿੱਤੇ ਹਨ। ਗੀਤਾ ਹੈ ਮੁੱਖ। ਗੀਤਾ ਤੋਂ ਹੀ ਦੇਵੀ ਦੇਵਤਾ ਧਰਮ ਸਥਾਪਨ ਹੋਇਆ। ਉਹ ਸਤਿਯੁਗ - ਤ੍ਰੇਤਾ ਤੱਕ ਚੱਲਿਆ ਮਤਲਬ ਗੀਤਾ ਸ਼ਾਸਤਰ ਤੋਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ, ਪਰਮਪਿਤਾ ਪਰਮਾਤਮਾ ਨੇ ਕੀਤੀ। ਫਿਰ ਤਾਂ ਅੱਧਾਕਲਪ ਨਾ ਕੋਈ ਸ਼ਾਸਤਰ ਹੋਇਆ, ਨਾ ਕੋਈ ਧਰਮ ਸਥਾਪਕ ਹੋਇਆ। ਬਾਪ ਨੇ ਆਕੇ ਬ੍ਰਾਹਮਣਾਂ ਨੂੰ ਦੇਵਤਾ - ਸ਼ਤ੍ਰੀਯ ਬਣਾਇਆ। ਗੋਇਆ ਬਾਪ 3 ਧਰਮ ਸਥਾਪਨ ਕਰਦੇ ਹਨ। ਇਹ ਹੈ ਲੀਪ ਧਰਮ। ਇਨ੍ਹਾਂ ਦੀ ਉਮਰ ਥੋੜੀ ਰਹਿੰਦੀ ਹੈ। ਤਾਂ ਸਰਵ ਸ਼ਾਸਤਰਮਈ ਸ਼ਿਰੋਮਣੀ ਗੀਤਾ ਭਗਵਾਨ ਨੇ ਗਾਈ ਹੈ। ਬਾਪ ਪੁਨਰਜਨਮ ਵਿੱਚ ਨਹੀਂ ਆਉਂਦੇ ਹਨ। ਜਨਮ ਹੈ, ਪਰ ਬਾਪ ਕਹਿੰਦੇ ਹਨ, ਮੈਂ ਗਰਭ ਵਿੱਚ ਨਹੀਂ ਆਉਂਦਾ ਹਾਂ। ਮੇਰੀ ਪਾਲਣਾ ਨਹੀਂ ਹੁੰਦੀ। ਸਤਿਯੁਗ ਵਿੱਚ ਵੀ ਜੋ ਬੱਚੇ ਹੁੰਦੇ ਹਨ ਉਹ ਗਰਭ ਮਹਿਲ ਵਿੱਚ ਰਹਿੰਦੇ ਹਨ। ਰਾਵਣਰਾਜ ਵਿੱਚ ਗਰਭਜੇਲ੍ਹ ਵਿੱਚ ਆਉਣਾ ਪੈਂਦਾ ਹੈ। ਪਾਪ ਜੇਲ੍ਹ ਵਿੱਚ ਭੋਗੇ ਜਾਂਦੇ ਹਨ। ਗਰਭ ਵਿੱਚ ਅੰਜਾਮ ਕਰਦੇ ਹਨ, ਅਸੀਂ ਪਾਪ ਨਹੀਂ ਕਰਾਂਗੇ, ਪਰ ਇਹ ਹੈ ਹੀ ਪਾਪ ਆਤਮਾਵਾਂ ਦੀ ਦੁਨੀਆਂ। ਬਾਹਰ ਨਿਕਲਣ ਤੋਂ ਫਿਰ ਪਾਪ ਕਰਨ ਲੱਗ ਪੈਂਦੇ ਹਨ। ਉੱਥੇ ਦੀ ਉੱਥੇ ਰਹੀ...ਇੱਥੇ ਵੀ ਬਹੁਤ ਪ੍ਰਤਿਗਿਆ ਕਰਦੇ ਹਨ ਅਸੀਂ ਪਾਪ ਨਹੀਂ ਕਰਾਂਗੇ। ਇੱਕ ਦੋ ਤੇ ਕਾਮ - ਕਟਾਰੀ ਨਹੀਂ ਚਲਾਉਣਗੇ ਕਿਓਂਕਿ ਇਹ ਵਿਕਾਰ ਆਦਿ - ਮੱਧ - ਅੰਤ ਦੁੱਖ ਦਿੰਦਾ ਹੈ। ਸਤਿਯੁਗ ਵਿੱਚ ਵਿਸ਼ ਹੈ ਨਹੀਂ। ਤਾਂ ਮਨੁੱਖ ਆਦਿ - ਮੱਧ - ਅੰਤ 21 ਜਨਮ ਦੁੱਖ ਭੋਗਦੇ ਨਹੀਂ ਕਿਓਂਕਿ ਰਾਮਰਾਜ ਹੈ। ਉਸ ਦੀ ਸਥਾਪਨਾ ਹੁਣ ਬਾਪ ਫਿਰ ਤੋਂ ਕਰ ਰਹੇ ਹਨ। ਸੰਗਮ ਤੇ ਹੀ ਸਥਾਪਨਾ ਹੋਵੇਗੀ ਨਾ। ਜੋ ਵੀ ਧਰਮ ਸਥਾਪਨ ਕਰਨ ਆਉਂਦੇ ਹਨ ਉਨ੍ਹਾਂ ਨੂੰ ਕੋਈ ਵੀ ਪਾਪ ਨਹੀਂ ਕਰਨਾ ਹੈ। ਅੱਧਾ ਸਮੇਂ ਹੈ ਪੁੰਨ ਆਤਮਾ, ਫਿਰ ਅੱਧਾ ਸਮੇਂ ਬਾਦ

ਪਾਪ ਆਤਮਾ ਬਣਦੇ ਹਨ। ਤੁਸੀਂ ਸਤਿਯੁਗ ਤ੍ਰੇਤਾ ਵਿੱਚ ਪੁੰਨ ਆਤਮਾ ਰਹਿੰਦੇ ਹੋ, ਫਿਰ ਪਾਪ ਆਤਮਾ ਬਣਦੇ ਹੋ। ਸਤੋਪ੍ਰਧਾਨ ਆਤਮਾ ਜਦੋਂ ਉੱਪਰ ਤੋਂ ਆਉਂਦੀ ਹੈ ਤਾਂ ਉਹ ਸਜਾਵਾਂ ਖਾ ਨਹੀਂ ਸਕਦੀ। ਕ੍ਰਾਈਸਟ ਦੀ ਆਤਮਾ ਧਰਮ ਸਥਾਪਨ ਕਰਨ ਆਈ, ਉਨ੍ਹਾਂ ਨੂੰ ਕੋਈ ਸਜਾ ਮਿਲ ਨਾ ਸਕੇ। ਕਹਿੰਦੇ ਹਨ - ਕ੍ਰਾਈਸਟ ਨੂੰ ਕਰਾਸ ਤੇ ਚੜ੍ਹਾਇਆ ਪਰ ਉਨ੍ਹਾਂ ਦੀ ਆਤਮਾ ਨੇ ਕੋਈ ਵਿਕਰਮ ਆਦਿ ਕੀਤਾ ਹੀ ਨਹੀਂ ਹੈ। ਉਹ ਜਿਸ ਦੇ ਸ਼ਰੀਰ ਵਿੱਚ ਪ੍ਰਵੇਸ਼ ਕਰਦੇ ਹਨ ਉਨ੍ਹਾਂ ਨੂੰ ਦੁੱਖ ਹੁੰਦਾ ਹੈ। ਉਹ ਸਹਿਣ ਕਰਦੇ ਹਨ। ਜਿਵੇਂ ਇਸ ਵਿੱਚ ਬਾਬਾ ਆਉਂਦੇ ਹਨ, ਉਹ ਤਾਂ ਹੈ ਹੀ ਸਤੋਪ੍ਰਧਾਨ। ਕੋਈ ਵੀ ਦੁੱਖ ਤਕਲੀਫ ਇਨ੍ਹਾਂ ਦੀ ਆਤਮਾ ਨੂੰ ਹੁੰਦਾ ਹੈ, ਸ਼ਿਵਬਾਬਾ ਨੂੰ ਨਹੀਂ ਹੁੰਦਾ ਹੈ। ਉਹ ਤਾਂ ਹਮੇਸ਼ਾ ਸੁੱਖ - ਸ਼ਾਂਤੀ ਵਿੱਚ ਰਹਿੰਦੇ ਹਨ। ਐਵਰ ਸਤੋਪ੍ਰਧਾਨ ਹਨ। ਪਰ ਆਉਂਦੇ ਤਾਂ ਇਸ ਪੁਰਾਣੇ ਸ਼ਰੀਰ ਵਿੱਚ ਹਨ ਨਾ। ਉਵੇਂ ਕ੍ਰਾਈਸਟ ਦੀ ਆਤਮਾ ਨੇ ਜਿਸ ਵਿੱਚ ਪ੍ਰਵੇਸ਼ ਕੀਤਾ ਉਸ ਸ਼ਰੀਰ ਨੂੰ ਦੁੱਖ ਹੋ ਸਕਦਾ ਹੈ, ਕ੍ਰਾਈਸਟ ਦੀ ਆਤਮਾ ਦੁੱਖ ਨਹੀਂ ਭੋਗ ਸਕਦੀ ਕਿਉਂਕਿ ਸਤੋ - ਰਜੋ -ਤਮੋ ਵਿੱਚ ਆਉਂਦੀ ਹੈ। ਨਵੀਂ - ਨਵੀਂ ਆਤਮਾ ਆਉਂਦੀ ਵੀ ਤਾਂ ਹੈ ਨਾ। ਉਨ੍ਹਾਂ ਨੂੰ ਪਹਿਲੇ ਜਰੂਰ ਸੁੱਖ ਭੋਗਣਾ ਪਵੇ, ਦੁੱਖ ਭੋਗ ਨਹੀਂ ਸਕਦੀ। ਲਾਅ ਨਹੀਂ ਕਹਿੰਦਾ । ਇਸ ਵਿੱਚ ਬਾਬਾ ਬੈਠੇ ਹਨ ਕੋਈ ਵੀ ਤਕਲੀਫ ਇਨ੍ਹਾਂ ਨੂੰ (ਦਾਦਾ ਨੂੰ) ਹੁੰਦੀ ਹੈ ਨਾਕਿ ਸ਼ਿਵਬਾਬਾ ਨੂੰ। ਪਰ ਇਹ ਗੱਲਾਂ ਤੁਸੀਂ ਜਾਣਦੇ ਹੋ ਹੋਰ ਕੋਈ ਨੂੰ ਪਤਾ ਨਹੀਂ ਹੈ।

ਇਹ ਸਭ ਰਾਜ਼ ਹੁਣ ਬਾਪ ਬੈਠ ਸਮਝਾਉਂਦੇ ਹਨ। ਇਸ ਸਹਿਜ ਰਾਜਯੋਗ ਨਾਲ ਹੀ ਸਥਾਪਨਾ ਹੋਈ ਸੀ ਫਿਰ ਭਗਤੀ ਮਾਰਗ ਵਿੱਚ ਇਹ ਹੀ ਗੱਲਾਂ ਗਾਈਆਂ ਜਾਂਦੀਆਂ ਹਨ। ਇਸ ਸੰਗਮ ਤੇ ਜੋ ਕੁਝ ਹੁੰਦਾ ਹੈ, ਉਹ ਗਾਇਆ ਜਾਂਦਾ ਹੈ। ਭਗਤੀ ਮਾਰਗ ਸ਼ੁਰੂ ਹੁੰਦਾ ਹੈ ਤਾਂ ਫਿਰ ਸ਼ਿਵਬਾਬਾ ਦੀ ਪੂਜਾ ਹੁੰਦੀ ਹੈ। ਪਹਿਲੇ - ਪਹਿਲੇ ਭਗਤੀ ਕੌਣ ਕਰਦਾ ਹੈ, ਉਹ ਹੀ ਲਕਸ਼ਮੀ - ਨਾਰਾਇਣ ਜਦੋਂ ਰਾਜ ਕਰਦੇ ਸੀ ਤਾਂ ਪੂਜੀਏ ਸੀ ਫਿਰ ਵਾਮ ਮਾਰਗ ਵਿੱਚ ਆ ਜਾਂਦੇ ਹਨ ਤਾਂ ਫਿਰ ਪੂਜੀਏ ਤੋਂ ਪੁਜਾਰੀ ਬਣ ਜਾਂਦੇ ਹਨ। ਬਾਪ ਸਮਝਾਉਂਦੇ ਹਨ, ਤੁਸੀਂ ਬੱਚਿਆਂ ਨੂੰ ਪਹਿਲੇ - ਪਹਿਲੇ ਬੁੱਧੀ ਵਿੱਚ ਆਉਣਾ ਚਾਹੀਦਾ ਹੈ ਕਿ ਨਿਰਾਕਾਰ ਪਰਮਪਿਤਾ ਪਰਮਾਤਮਾ ਇਨ੍ਹਾਂ ਦਵਾਰਾ ਸਾਨੂੰ ਪੜ੍ਹਾਉਂਦੇ ਹਨ। ਇਵੇਂ ਹੋਰ ਕੋਈ ਜਗ੍ਹਾ ਸਾਰੇ ਵਰਲਡ ਵਿੱਚ ਹੋ ਨਾ ਸਕੇ, ਜਿੱਥੇ ਇਵੇਂ ਸਮਝਾਉਂਦੇ ਹੋਣ। ਬਾਪ ਹੀ ਆਕੇ ਭਾਰਤ ਨੂੰ ਫਿਰ ਤੋਂ ਸ੍ਵਰਗ ਦਾ ਵਰਸਾ ਦਿੰਦੇ ਹਨ। ਤ੍ਰਿਮੂਰਤੀ ਦੇ ਥੱਲੇ ਲਿਖਿਆ ਹੋਇਆ ਹੈ - ਡੀ. ਟੀ. ਵਰਲਡ ਸਾਵਰੰਟੀ ਇਜ਼ ਯੂਅਰ ਗੌਡ ਫਾਦਰਲੀ ਬਰਥ ਰਾਈਟ। ਸ਼ਿਵਬਾਬਾ ਆਕੇ ਤੁਸੀਂ ਬੱਚਿਆਂ ਨੂੰ ਸ੍ਵਰਗ ਦੀ ਬਾਦਸ਼ਾਹੀ ਦਾ ਵਰਸਾ ਦੇ ਰਹੇ ਹਨ, ਲਾਇਕ ਬਣਾ ਰਹੇ ਹਨ। ਤੁਸੀਂ ਜਾਣਦੇ ਹੋ ਬਾਬਾ ਸਾਨੂੰ ਲਾਇਕ ਬਣਾ ਰਹੇ ਹਨ, ਅਸੀਂ ਪਤਿਤ ਸੀ ਨਾ। ਪਾਵਨ ਬਣ ਜਾਵਾਂਗੇ ਫਿਰ ਇਹ ਸ਼ਰੀਰ ਨਹੀਂ ਰਹੇਗਾ। ਰਾਵਣ ਦਵਾਰਾ ਅਸੀਂ ਪਤਿਤ ਬਣੇ ਹਾਂ ਫਿਰ ਪਰਮਤਪਿਤਾ ਪਰਮਾਤਮਾ ਪਾਵਨ ਬਣਾਉਣ ਪਾਵਨ ਦੁਨੀਆਂ ਦਾ ਮਾਲਿਕ ਬਣਾਉਂਦੇ ਹਨ। ਉਹ ਹੀ ਗਿਆਨ ਦਾ ਸਾਗਰ ਪਤਿਤ - ਪਾਵਨ ਹੈ। ਇਹ ਨਿਰਾਕਾਰ ਬਾਬਾ ਸਾਨੂੰ ਪੜ੍ਹਾ ਰਹੇ ਹਨ। ਸਭ ਤਾਂ ਇਕੱਠਾ ਨਹੀਂ ਪੜ੍ਹ ਸਕਦੇ। ਸਮੁੱਖ ਤੁਸੀਂ ਥੋੜੇ ਬੈਠੇ ਹੋ ਬਾਕੀ ਸਭ ਬੱਚੇ ਜਾਣਦੇ ਹਨ - ਹੁਣ ਸ਼ਿਵਬਾਬਾ ਬ੍ਰਹਮਾ ਦੇ ਤਨ ਵਿੱਚ ਬੈਠ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਨਾਲੇਜ ਸੁਣਾਉਂਦੇ ਹੋਣਗੇ। ਉਹ ਮੁਰਲੀ ਲਿਖਤ ਦਵਾਰਾ ਆਵੇਗੀ। ਹੋਰ ਸਤਿਸੰਗਾਂ ਵਿੱਚ ਇਵੇਂ ਥੋੜੀ ਸਮਝਣਗੇ। ਅੱਜਕਲ ਟੇਪ ਮਸ਼ੀਨ ਵੀ ਨਿਕਲੀ ਹੈ ਇਸਲਈ ਭਰਕੇ ਭੇਜ ਦਿੰਦੇ ਹਨ। ਉਹ ਕਹਿਣਗੇ ਫਲਾਣੇ ਨਾਮ ਵਾਲਾ ਗੁਰੂ ਸੁਣਾਉਂਦੇ ਹਨ, ਬੁੱਧੀ ਵਿੱਚ ਮਨੁੱਖ ਹੀ ਰਹਿੰਦਾ ਹੈ। ਇੱਥੇ ਤਾਂ ਉਹ ਗੱਲ ਹੈ ਨਹੀਂ। ਇਹ ਤਾਂ ਨਿਰਾਕਾਰ ਬਾਪ ਨਾਲੇਜਫੁੱਲ ਹੈ। ਮਨੁੱਖ ਨੂੰ ਨਾਲੇਜਫੁਲ ਨਹੀਂ ਕਿਹਾ ਜਾਂਦਾ ਹੈ। ਗਾਉਂਦੇ ਹਨ ਗੌਡ ਫਾਦਰ ਇਜ਼ ਨਾਲੇਜਫੁਲ, ਪੀਸਫੁਲ, ਬਲਿਸਫੁਲ ਤਾਂ ਉਨ੍ਹਾਂ ਦਾ ਵਰਸਾ ਵੀ ਚਾਹੀਦਾ ਹੈ ਨਾ। ਉਨ੍ਹਾਂ ਵਿੱਚ ਜੋ ਗੁਣ ਹਨ ਉਹ ਬੱਚਿਆਂ ਨੂੰ ਮਿਲਣੇ ਚਾਹੀਦੇ ਹਨ, ਹੁਣ ਮਿਲ ਰਹੇ ਹਨ। ਗੁਣਾਂ ਨੂੰ ਧਾਰਨ ਕਰ ਅਸੀਂ ਇਵੇਂ ਲਕਸ਼ਮੀ - ਨਾਰਾਇਣ ਬਣ ਰਹੇ ਹਾਂ। ਸਭ ਤਾਂ ਰਾਜਾ - ਰਾਣੀ ਨਹੀਂ ਬਣਨਗੇ। ਗਾਇਆ ਜਾਂਦਾ ਹੈ ਰਾਜਾ - ਰਾਣੀ ਵਜੀਰ.. ਉੱਥੇ ਵਜੀਰ ਵੀ ਨਹੀਂ ਰਹਿੰਦਾ। ਮਹਾਰਾਜਾ - ਮਹਾਰਾਣੀ ਵਿੱਚ ਪਾਵਰ ਰਹਿੰਦੀ ਹੈ। ਜਦੋਂ ਵਿਕਾਰੀ ਬਣ ਜਾਂਦੇ ਹਨ ਤਾਂ ਵਜੀਰ ਆਦਿ ਹੁੰਦੇ ਹਨ। ਅੱਗੇ ਮਨਿਸਟਰ ਆਦਿ ਵੀ ਨਹੀਂ ਸਨ। ਉੱਥੇ ਤਾਂ ਇੱਕ ਰਾਜਾ - ਰਾਣੀ ਦਾ ਰਾਜ ਚਲਦਾ ਸੀ। ਉਨ੍ਹਾਂ ਨੂੰ ਵਜੀਰ ਦੀ ਕੀ ਲੋੜ, ਰਾਏ ਲੈਣ ਦੀ ਕੋਈ ਲੋੜ ਨਹੀਂ, ਜਦੋਂਕਿ ਆਪ ਮਾਲਿਕ ਹਨ। ਇਹ ਹੈ ਹਿਸਟ੍ਰੀ - ਜੋਗ੍ਰਾਫੀ। ਪਰ ਪਹਿਲੇ - ਪਹਿਲੇ ਤਾਂ ਉੱਠਦੇ - ਬੈਠਦੇ ਇਹ ਬੁੱਧੀ ਵਿੱਚ ਆਉਣਾ ਚਾਹੀਦਾ ਹੈ ਕਿ ਸਾਨੂੰ ਬਾਪ ਪੜ੍ਹਾਉਂਦੇ ਹਨ, ਯੋਗ ਸਿਖਾਉਂਦੇ ਹਨ। ਯਾਦ ਦੀ ਯਾਤਰਾ ਤੇ ਰਹਿਣਾ ਹੈ। ਹੁਣ ਨਾਟਕ ਪੂਰਾ ਹੁੰਦਾ ਹੈ, ਅਸੀਂ ਬਿਲਕੁਲ ਪਤਿਤ ਬਣ ਗਏ ਹਾਂ ਕਿਉਂਕਿ ਵਿਕਾਰ ਵਿੱਚ ਜਾਂਦੇ ਹਾਂ ਇਸਲਈ ਪਾਪ ਆਤਮਾ ਕਿਹਾ ਜਾਂਦਾ ਹੈ। ਸਤਿਯੁਗ ਵਿੱਚ ਪਾਪ ਆਤਮਾ ਨਹੀਂ ਹੁੰਦੇ। ਉੱਥੇ ਹਨ ਪੁੰਨ ਆਤਮਾਵਾਂ। ਉਹ ਹੈ ਪ੍ਰਾਲਬੱਧ, ਜਿਸ ਦੇ ਲਈ ਤੁਸੀਂ ਹੁਣ ਪੁਰਸ਼ਾਰਥ ਕਰ ਰਹੇ ਹੋ। ਤੁਹਾਡੀ ਹੈ ਯਾਦ ਦੀ ਯਾਤਰਾ, ਜਿਸ ਨੂੰ ਭਾਰਤ ਦਾ ਯੋਗ ਕਹਿੰਦੇ ਹਨ। ਪਰ ਅਰਥ ਤਾਂ ਨਹੀਂ ਸਮਝਦੇ ਹਨ ਯੋਗ ਮਤਲਬ ਯਾਦ। ਜਿਸ ਨਾਲ ਵਿਕਰਮ ਵਿਨਾਸ਼ ਹੁੰਦੇ ਹਨ ਫਿਰ ਇਹ ਸ਼ਰੀਰ ਛੱਡ ਘਰ ਚਲੇ ਜਾਣਗੇ, ਉਸ ਨੂੰ ਸਵੀਟ ਹੋਮ ਕਿਹਾ ਜਾਂਦਾ ਹੈ। ਆਤਮਾ ਕਹਿੰਦੀ ਹੈ, ਅਸੀਂ ਉਸ ਸ਼ਾਂਤੀਧਾਮ ਦੇ ਰਹਿਵਾਸੀ ਹਾਂ। ਅਸੀਂ ਉੱਥੇ ਤੋਂ ਨੰਗੇ (ਅਸ਼ਰੀਰੀ) ਆਏ ਹਾਂ, ਇੱਥੇ ਪਾਰ੍ਟ ਵਜਾਉਣ ਦੇ ਲਈ ਸ਼ਰੀਰ ਲੀਤਾ ਹੈ। ਇਹ ਵੀ ਸਮਝਾਇਆ ਹੈ ਮਾਇਆ 5 ਵਿਕਾਰਾਂ ਨੂੰ ਕਿਹਾ ਜਾਂਦਾ ਹੈ। ਇਹ ਪੰਜ ਭੂਤ ਹਨ। ਕਾਮ ਦਾ ਭੂਤ, ਗੁੱਸੇ ਦਾ ਭੂਤ, ਨੰਬਰਵਨ ਹੈ ਦੇਹ - ਅਭਿਮਾਨ ਦਾ ਭੂਤ।

ਬਾਪ ਸਮਝਾਉਂਦੇ ਹਨ - ਸਤਿਯੁਗ ਵਿੱਚ ਇਹ ਵਿਕਾਰ ਹੁੰਦੇ ਨਹੀਂ ਹਨ, ਉਸਨੂੰ ਨਿਰਵਿਕਾਰੀ ਦੁਨੀਆਂ ਕਿਹਾ ਜਾਂਦਾ ਹੈ। ਵਿਕਾਰੀ ਦੁਨੀਆਂ ਨੂੰ ਨਿਰਵਿਕਾਰੀ ਬਣਾਉਣਾ, ਇਹ ਤਾਂ ਬਾਪ ਦਾ ਹੀ ਕੰਮ ਹੈ। ਉਨ੍ਹਾਂ ਨੂੰ ਹੀ ਸ਼ਕਤੀਮਾਨ ਗਿਆਨ ਦਾ ਸਾਗਰ, ਪਤਿਤ - ਪਾਵਨ ਕਿਹਾ ਜਾਂਦਾ ਹੈ। ਇਸ ਸਮੇਂ ਸਭ ਭ੍ਰਿਸ਼ਟਾਚਾਰ ਤੋਂ ਪੈਦਾ ਹੁੰਦੇ ਹਨ। ਸਤਿਯੁਗ ਵਿੱਚ ਹੀ ਵਾਈਸਲੈਸ ਦੁਨੀਆਂ ਹੈ। ਬਾਪ ਕਹਿੰਦੇ ਹਨ ਹੁਣ ਤੁਹਾਨੂੰ ਵਿਸ਼ਸ਼ ਤੋਂ ਵਾਈਸਲੈਸ ਬਣਨਾ ਹੈ। ਕਹਿੰਦੇ ਹਨ ਇਸ ਬਗੈਰ ਬੱਚੇ ਕਿਵੇਂ ਪੈਦਾ ਹੋਣਗੇ। ਬਾਪ ਸਮਝਾਉਂਦੇ ਹਨ ਹੁਣ

ਤੁਹਾਡਾ ਇਹ ਅੰਤਿਮ ਜਨਮ ਹੈ। ਮ੍ਰਿਤੂਲੋਕ ਹੀ ਖਤਮ ਹੋਣਾ ਹੈ ਫਿਰ ਇਸ ਦੇ ਬਾਦ ਵਿਕਾਰੀ ਲੋਕ ਹੋਣਗੇ ਨਹੀਂ ਇਸਲਈ ਬਾਪ ਤੋਂ ਪਵਿੱਤਰ ਬਣਨ ਦੀ ਪ੍ਰਤਿਗਿਆ ਕਰਨੀ ਹੈ। ਕਹਿੰਦੇ ਹਨ ਬਾਬਾ ਅਸੀਂ ਤੁਹਾਡੇ ਤੋਂ ਵਰਸਾ ਜਰੂਰ ਲਵਾਂਗੇ। ਉਹ ਕਸਮ ਉਠਾਉਂਦੇ ਹਨ ਝੂਠਾ। ਗੌਡ ਜਿਸ ਦੇ ਲਈ ਕਸਮ ਉਠਾਉਂਦੇ ਹਨ, ਉਸ ਨੂੰ ਤਾਂ ਜਾਣਦੇ ਨਹੀਂ। ਉਹ ਕਦੋਂ ਕਿਵੇਂ ਆਉਂਦਾ ਹੈ ਉਨ੍ਹਾਂ ਦਾ ਨਾਮ ਰੂਪ ਦੇਸ਼ ਕਾਲ ਕੀ ਹੈ, ਕੁਝ ਵੀ ਨਹੀਂ ਜਾਣਦੇ। ਬਾਪ ਆਕੇ ਆਪਣਾ ਪਰਿਚੈ ਦਿੰਦੇ ਹਨ। ਹੁਣ ਤੁਹਾਨੂੰ ਪਰਿਚੈ ਮਿਲ ਰਿਹਾ ਹੈ। ਦੁਨੀਆਂ ਭਰ ਵਿੱਚ ਕੋਈ ਵੀ ਗੌਡ ਫਾਦਰ ਨੂੰ ਨਹੀਂ ਜਾਣਦੇ। ਬੁਲਾਉਂਦੇ ਵੀ ਹਨ, ਪੂਜਾ ਵੀ ਕਰਦੇ ਹਨ ਪਰ ਆਕੂਪੇਸ਼ਨ ਨੂੰ ਨਹੀਂ ਜਾਣਦੇ ਹਨ। ਹੁਣ ਤੁਸੀਂ ਜਾਣਦੇ ਹੋ - ਪਰਮਪਿਤਾ ਪਰਮਾਤਮਾ ਸਾਡਾ ਬਾਪ, ਟੀਚਰ, ਸਤਿਗੁਰੂ ਹੈ। ਇਹ ਬਾਪ ਨੇ ਆਪ ਪਰਿਚੈ ਦਿੱਤਾ ਹੈ ਕਿ ਮੈਂ ਤੁਹਾਡਾ ਬਾਪ ਹਾਂ। ਮੈਂ ਇਸ ਸ਼ਰੀਰ ਵਿੱਚ ਪ੍ਰਵੇਸ਼ ਕੀਤਾ ਹੈ। ਪ੍ਰਜਾਪਿਤਾ ਬ੍ਰਹਮਾ ਦਵਾਰਾ ਸਥਾਪਨਾ ਹੁੰਦੀ ਹੈ। ਕਿਸ ਦੀ? ਬ੍ਰਾਹਮਣਾਂ ਦੀ। ਫਿਰ ਤੁਸੀਂ ਬ੍ਰਾਹਮਣ ਪੜ੍ਹ ਕੇ ਦੇਵਤਾ ਬਣਦੇ ਹੋ। ਮੈਂ ਆਕੇ ਤੁਹਾਨੂੰ ਸ਼ੂਦ੍ਰ ਤੋਂ ਬ੍ਰਾਹਮਣ ਬਣਾਉਂਦਾ ਹਾਂ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ - ਕਲਪ ਦੇ ਸੰਗਮਯੁਗ ਤੇ। ਕਲਪ 5 ਹਜਾਰ ਵਰ੍ਹੇ ਦਾ ਹੈ। ਇਹ ਸ੍ਰਿਸ਼ਟੀ ਚੱਕਰ ਤਾਂ ਫਿਰਦਾ ਰਹਿੰਦਾ ਹੈ ਨਾ। ਮੈਂ ਆਉਂਦਾ ਹਾਂ, ਪੁਰਾਣੀ ਦੁਨੀਆਂ ਨੂੰ ਨਵਾਂ ਬਣਾਉਣ। ਪੁਰਾਣੇ ਧਰਮਾਂ ਦਾ ਵਿਨਾਸ਼ ਕਰਾਉਣ ਫਿਰ ਮੈਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਸਥਾਪਨ ਕਰਦਾ ਹਾਂ। ਬੱਚਿਆਂ ਨੂੰ ਪੜ੍ਹਾਉਂਦਾ ਹਾਂ ਫਿਰ ਤੁਸੀਂ ਪੜ੍ਹ ਕੇ 21 ਜਨਮ ਦੇ ਲਈ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਦੇਵਤਾਵਾਂ ਤੋਂ ਸੂਰਜਵੰਸ਼ੀ, ਚੰਦ੍ਰਵੰਸ਼ੀ ਪ੍ਰਜਾ ਸਭ ਹੈ। ਬਾਕੀ ਪੁਰਸ਼ਾਰਥ ਅਨੁਸਾਰ ਉੱਚ ਪਦਵੀ ਪਾਉਣਗੇ। ਹੁਣ ਜੋ ਜਿੰਨਾ ਪੁਰਸ਼ਾਰਥ ਕਰਨਗੇ ਉਹ ਹੀ ਕਲਪ - ਕਲਪ ਚੱਲੇਗਾ । ਸਮਝਦੇ ਹਨ, ਕਲਪ - ਕਲਪ ਅਜਿਹਾ ਪੁਰਸ਼ਾਰਥ ਕਰਦੇ ਹਨ, ਇਵੇਂ ਦੀ ਹੀ ਪਦਵੀ ਜਾਕੇ ਪਾਉਣਗੇ। ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ ਸਾਨੂੰ ਨਿਰਕਾਰ ਭਗਵਾਨ ਪੜ੍ਹਾਉਂਦੇ ਹਨ। ਉਨ੍ਹਾਂ ਨੂੰ ਯਾਦ ਕਰਨ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਬਗੈਰ ਯਾਦ ਕੀਤੇ ਕਰਮ ਵਿਨਾਸ਼ ਹੋ ਨਹੀਂ ਸਕਦੇ। ਮਨੁੱਖਾਂ ਨੂੰ ਇਹ ਵੀ ਪਤਾ ਨਹੀਂ ਕਿ ਅਸੀਂ ਕਿੰਨੇ ਜਨਮ ਲੈਂਦੇ ਹਾਂ। ਸ਼ਾਸਤਰਾਂ ਵਿੱਚ ਕਿਸੇ ਨੇ ਗਪੌੜਾਂ ਲਗਾ ਦਿੱਤਾ ਹੈ - 84 ਲੱਖ ਜਨਮ ਦਾ। ਹੁਣ ਤੁਸੀਂ ਜਾਣਦੇ ਹੋ 84 ਜਨਮ ਹਨ। ਇਹ ਅੰਤ ਦਾ ਜਨਮ ਹੈ ਫਿਰ ਸਾਨੂੰ ਸ੍ਵਰਗ ਵਿੱਚ ਜਾਣਾ ਹੈ। ਪਹਿਲੇ ਮੂਲਵਤਨ ਵਿੱਚ ਜਾਕੇ ਫਿਰ ਸ੍ਵਰਗ ਵਿੱਚ ਆਵਾਂਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਨਾਲ ਜੋ ਪਵਿੱਤਰ ਬਣਨ ਦੀ ਪ੍ਰਤਿਗਿਆ ਕੀਤੀ ਹੈ ਉਸ ਤੇ ਪੱਕਾ ਰਹਿਣਾ ਹੈ। ਕਾਮ, ਕ੍ਰੋਧ ਦੇ ਭੂਤਾਂ ਤੇ ਵਿਜਯ ਜਰੂਰੀ ਪ੍ਰਾਪਤ ਕਰਨੀ ਹੈ।

2. ਚਲਦੇ - ਫਿਰਦੇ ਹਰ ਕੰਮ ਕਰਦੇ ਪੜ੍ਹਾਉਣ ਵਾਲੇ ਬਾਪ ਨੂੰ ਯਾਦ ਰੱਖਣਾ ਹੈ। ਹੁਣ ਨਾਟਕ ਪੂਰਾ ਹੋ ਰਿਹਾ ਹੈ ਇਸਲਈ ਇਸ ਅੰਤਿਮ ਜਨਮ ਵਿੱਚ ਪਵਿੱਤਰ ਜਰੂਰ ਬਣਨਾ ਹੈ।

ਵਰਦਾਨ:- ਸਰਵ ਖਜਾਨਿਆਂ ਨਾਲ ਭਰਪੂਰ ਬਣ ਆਪਣੇ ਚੇਹਰੇ ਦ੍ਵਾਰਾ ਸੇਵਾ ਕਰਨ ਵਾਲੇ ਸੱਚੇ ਸੇਵਾਦਾਰੀ ਭਵ।

ਜੋ ਬੱਚੇ ਸਰਵ ਖਜਾਨਿਆਂ ਨਾਲ ਸਦਾ ਸੰਪੰਨ ਅਤੇ ਭਰਪੂਰ ਰਹਿੰਦੇ ਹਨ ਉਨ੍ਹਾਂ ਦੇ ਨੈਣਾਂ ਅਤੇ ਮਸਤਕ ਦ੍ਵਾਰਾ ਈਸ਼ਵਰੀ ਨਸ਼ਾ ਵਿਖਾਈ ਦਿੰਦਾ ਹੈ। ਉਨ੍ਹਾਂ ਦਾ ਚੇਹਰਾ ਵੀ ਸੇਵਾ ਕਰਦਾ ਹੈ। ਜਿਸ ਦੇ ਕੋਲ ਜਾਸਤੀ ਅਤੇ ਘਟ ਜਮਾ ਹੁੰਦਾ ਹੈ ਤਾਂ ਉਹ ਵੀ ਉਨ੍ਹਾਂ ਦੇ ਚੇਹਰੇ ਤੋਂ ਵਿਖਾਈ ਦਿੰਦਾ ਹੈ। ਜਿਵੇਂ ਕੋਈ ਉੱਚ ਕੁੱਲ ਦਾ ਹੁੰਦਾ ਹੈ ਤਾਂ ਉਨ੍ਹਾਂ ਦੇ ਚੇਹਰੇ ਤੋਂ ਉਹ ਝਲਕ ਅਤੇ ਫ਼ਲਕ ਵਿਖਾਈ ਦਿੰਦੀ ਹੈ। ਉਵੇਂ ਤੁਹਾਡੀ ਸੂਰਤ ਹਰ ਸੰਕਲਪ ਹਰ ਕਰਮ ਨੂੰ ਸਪੱਸ਼ਟ ਕਰੇ ਤਾਂ ਕਹਾਂਗੇ ਸੱਚੇ ਸੇਵਾਦਾਰੀ।

ਸਲੋਗਨ:- ਸਮੇਂ ਅਤੇ ਸੰਕਲਪ ਦੇ ਖਜਾਨੇ ਦੀ ਬਚਤਕਰ ਜਮਾ ਦਾ ਖਾਤਾ ਵਧਾਓ।

******

ਇਹ ਅਵਿਅਕਤ ਇਸ਼ਾਰੇ :-

ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਜਦੋਂ ਇਕ ਦੂਜੇ ਨੂੰ ਮਿੱਠਾ ਖਵਾਉਂਦੇ ਹੋ ਤਾਂ ਉਸ ਵਿੱਚ ਮੂੰਹ ਥੋੜੇ ਸਮੇਂ ਦੇ ਲਈ ਮਿੱਠਾ ਹੁੰਦਾ ਹੈ ਲੇਕਿਨ ਖੁਦ ਹੀ ਮਿੱਠਾ ਬਣ ਜਾਵੋ, ਮੂੰਹ ਵਿੱਚ ਸਦਾ ਹੀ ਮਧੁਰ ਬੋਲ ਰਹਿਣ। ਜਿਵੇਂ ਮਿੱਠਾ ਖਾਣ ਅਤੇ ਖਵਾਉਣ ਨਾਲ ਖੁਸ਼ ਹੁੰਦੇ ਹੋ ਇਵੇਂ ਮਧੁਰ ਬੋਲ ਖੁਦ ਨੂੰ ਵੀ ਖੁਸ਼ ਕਰਦੇ, ਦੂਜੇ ਨੂੰ ਵੀ ਖੁਸ਼ ਕਰ ਦਿੰਦੇ ਹਨ। ਇਸ ਵਿੱਚ ਸਰਵ ਦਾ ਮੁੱਖ ਮਿੱਠਾ ਕਰਦੇ ਰਹੋ, ਸਦਾ ਮਿੱਠੀ ਦ੍ਰਿਸ਼ਟੀ, ਮਿੱਠਾ ਬੋਲ, ਮਿੱਠੇ ਕਰਮ ਹੋਣ।